## ਨਿਲਾਮੀ ਸਬੰਧੀ ਸ਼ਰਤਾਂ

1. ਬੋਲੀ ਵਿੱਚ ਭਾਗ ਲੈਣ ਆਏ ਬੋਲੀਕਾਰ ਨੂੰ 50,000/- ਰੁਪਏ ਰਕਮ ਬਤੌਰ ਜਮਾਨਤ ਬੋਲੀ ਵਿੱਚ ਭਾਗ ਲੈਣ ਤੋਂ ਪਹਿਲਾ ਜਮ੍ਹਾਂ ਕਰਵਾਉਣੀ ਪਵੇਗੀ ਅਤੇ ਬੋਲੀ ਵਿੱਚ ਫਰਮ ਦੇ ਅਸਲ ਮਾਲਕ ਨੂੰ ਬੈਠਣ ਦੀ ਹੀ ਆਗਿਆ ਹੋਵੇਗੀ ਅਤੇ ਫਰਮ ਦੇ ਅਸਲ ਮਾਲਕ ਪਾਸ ਉਸਦੀ ਫਰਮ ਦੇ ਚਾਲੂ ਬੈਂਕ ਖਾਤੇ ਦੀ ਚੈੱਕ ਬੁੱਕ ਅਤੇ ਹੋਰ ਸਬੰਧਤ ਦਸਤਾਵੇਜ਼ ਹੋਣੇ ਲਾਜ਼ਮੀ ਹਨ ।
2. ਬੋਲੀਕਾਰਾਂ ਦੀ ਜਮਾਨਤ/ਸਕਿਊਰਟੀ ਰਕਮ 10:30 ਵਜੇ ਤੱਕ ਹੀ ਜਮ੍ਹਾਂ ਕੀਤੀ ਜਾਵੇਗੀ ਅਤੇ ਉਸ ਉਪਰੰਤ ਕਿਸੇ ਵੀ ਬੋਲੀਕਾਰ ਦੀ ਜਮਾਨਤ/ਸਕਿਊਰਟੀ ਰਕਮ ਜਮ੍ਹਾਂ ਨਹੀਂ ਕੀਤੀ ਜਾਵੇਗੀ।
3. ਸਫ਼ਲ ਬੋਲੀਕਾਰ ਨੂੰ ਬੋਲੀ ਦੀ ਕੁੱਲ ਰਕਮ ਦਾ 1/4 ਹਿੱਸਾ ਮੌਕਾ ਪਰ ਜਮ੍ਹਾ ਕਰਵਾਉਣਾ ਪਵੇਗਾ ।
4. ਬਾਕੀ ਰਹਿੰਦੀ ਰਕਮ (3/4 ਹਿੱਸਾ) ਸਫ਼ਲ ਬੋਲੀਕਾਰ ਮਿਤੀ 04/08/2023 ਤੱਕ ਜਮ੍ਹਾ ਕਰਾਉਣ ਦਾ ਜਿੰਮੇਵਾਰ ਹੋਵੇਗਾ।
5. ਸਫ਼ਲ ਬੋਲੀਕਾਰ ਵੱਲੋਂ ਦਿੱਤੀ ਗਈ ਬੋਲੀ ਦੀ ਕੁੱਲ ਕੀਮਤ ਦਾ ਬਣਦਾ GST(18%) ਵੱਖਰਾ ਵਸੂਲ ਕੀਤਾ ਜਾਵੇਗਾ।
6. ਸਫ਼ਲ ਬੋਲੀਕਾਰ ਵੱਲੋਂ ਪੂਰੀ ਕੀਮਤ ਦਾ GST(18%) ਦੀ ਰਸੀਦ ਪੇਸ਼ ਕਰਨ ਤੋਂ ਬਾਅਦ ਅਤੇ ਪੂਰੀ ਰਕਮ ਸਰਕਾਰ ਦੇ ਖਾਤਾ ਵਿੱਚ ਜਮ੍ਹਾ ਹੋਣ ਤੋਂ ਬਾਅਦ ਹੀ ਮਾਲ, ਸਫ਼ਲ ਬੋਲੀਕਾਰ ਦੇ ਹਵਾਲੇ ਕੀਤਾ ਜਾਵੇਗਾ।
7. ਸਫ਼ਲ ਬੋਲੀਕਾਰ ਵੱਲੋਂ ਜੇਕਰ ਬਾਕੀ ਰਹਿੰਦੀ 3/4 ਹਿੱਸਾ ਰਕਮ ਮਿਤੀ 04/08/2023 ਤੱਕ ਜਮ੍ਹਾਂ ਨਹੀਂ ਕਰਵਾਈ ਜਾਂਦੀ ਤਾਂ ਉਸ ਬੋਲੀਕਾਰ ਵੱਲੋਂ ਬੋਲੀ ਸਮੇਂ ਬਤੌਰ ਜਮਾਨਤ ਜਮ੍ਹਾ ਕਰਵਾਈ ਗਈ ਰਕਮ 50,000 ਰੁਪਏ ਅਤੇ 1/4 ਹਿੱਸਾ ਰਕਮ ਨੂੰ ਜਬਤ ਕਰਕੇ ਸਰਕਾਰ ਦੇ ਖਾਤਾ ਵਿੱਚ ਜਮ੍ਹਾ ਕਰਵਾ ਦਿੱਤੀ ਜਾਵੇਗੀ। ਇਸ ਰਕਮ ਪਰ ਬਾਅਦ ਵਿੱਚ ਬੋਲੀਕਾਰ ਦਾ ਕੋਈ ਅਧਿਕਾਰ ਨਹੀਂ ਹੋਵੇਗਾ।
8. ਅਗਰ ਸਫ਼ਲ ਬੋਲੀਕਾਰ ਮਿੱਥੇ ਸਮੇਂ ਅੰਦਰ-ਅੰਦਰ ਬਣਦੀ ਰਕਮ ਸਮੇਤ GST ਰਸੀਦ ਜਮ੍ਹਾਂ ਨਹੀ ਕਰਵਾਉਂਦਾ ਤਾਂ ਉਸ ਲਾਟ ਦੀ ਬੋਲੀ ਰੱਦ ਕੀਤੀ ਜਾਵੇਗੀ।ਅਜਿਹੀ ਸੂਰਤ ਵਿੱਚ ਬੋਲੀ ਦੁਬਾਰਾ ਨਿਯਮਾਂ ਅਨੁਸਾਰ ਕਰਵਾਈ ਜਾਵੇਗੀ ਅਤੇ 2 ਨੰਬਰ ਵਾਲੇ ਬੋਲੀਕਾਰ ਦਾ ਕੋਈ ਹੱਕ ਨਹੀ ਹੋਵੇਗਾ।
9. ਬੋਲੀਕਾਰ ਨੂੰ ਖੁੱਲੀ ਬੋਲੀ ਵਿੱਚ ਸ਼ਾਮਿਲ ਹੋਣ ਲਈ ਖੁਦ ਦੇ ਖਰਚੇ ਤੇ ਆਉਣਾ ਹੋਵੇਗਾ ਅਤੇ ਅਜਿਹਾ ਖਰਚਾ ਕਲੇਮ ਕਰਨ ਦਾ ਅਧਿਕਾਰੀ ਨਹੀਂ ਹੋਵੇਗਾ।
10. ਸਫ਼ਲ ਬੋਲੀਕਾਰ ਵਹੀਕਲਾਂ ਦੀ ਸਾਰੀ ਰਕਮ ਅਤੇ GST ਅਦਾ ਕਰਨ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ ਵਹੀਕਲਾਂ ਨੂੰ ਲੈ ਕੇ ਜਾਣ ਦਾ ਪਾਬੰਦ ਹੋਵੇਗਾ। ਸਫ਼ਲ ਬੋਲੀਕਾਰ ਖਰੀਦ ਕੀਤੇ ਵਹੀਕਲਾਂ ਨੂੰ ਲੈ ਕੇ ਜਾਣ ਦਾ ਖਰਚਾ ਵੀ ਆਪ ਕਰੇਗਾ।
11. ਇਸ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਬੋਲੀ ਵਿੱਚ ਸਾਰੇ ਵਹੀਕਲ ਬਤੌਰ ਸਕਰੈਪ ਨਿਪਟਾਏ ਜਾ ਰਹੇ ਹਨ ਅਤੇ ਕੋਈ ਵੀ ਵਹੀਕਲ ਨੂੰ ਦੋਬਾਰਾ ਸੜਕ ਤੇ ਚਲਣ ਦਾਅਧਿਕਾਰ ਨਹੀਂ ਹੋਵੇਗਾ।
12. ਪ੍ਰਸ਼ਾਸਨਿਕ ਕਾਰਨਾਂ ਕਰਕੇ ਬੋਲੀ ਦੀ ਮਿਤੀ ਨੂੰ ਅੱਗੇ ਵਧਾਉਣ ਦਾ ਅਧਿਕਾਰ ਵੀ ਕਮੇਟੀ ਨੂੰ ਹੋਵੇਗਾ।
13. ਕਮੇਟੀ ਨੂੰ ਬੋਲੀ ਸਮੇਂ ਉਪਰੋਕਤ ਸ਼ਰਤਾਂ ਅਤੇ ਨਿਲਾਮ ਹੋਏ ਵਹੀਕਲਾਂ ਵਿੱਚ ਵਾਧਾ-ਘਾਟਾ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

ਸੀਨੀਅਰ ਕਪਤਾਨ ਪੁਲਿਸ,
ਸ਼੍ਰੀ ਮੁਕਤਸਰ ਸਾਹਿਬ।